Vaccinate WA

# ਹਰ ਉਮਰ ਦੇ ਲੋਕਾਂ ਲਈ ਕੋਵਿਡ-19 ਟੀਕੇ ਦੀ ਬੂਸਟਰ ਖੁਰਾਕ ਬਾਰੇ ਰੈਫਰੈਂਸ ਗਾਈਡ



ਤੁਸੀਂ ਜਾਂ ਤੁਹਾਡੇ ਬੱਚੇ ਨੇ ਖੁਦ ਨੂੰ ਅਤੇ ਦੂਜਿਆਂ ਨੂੰ ਗੰਭੀਰ ਬਿਮਾਰ ਹੋਣ ਤੋਂ, ਹਸਪਤਾਲ ਵਿੱਚ ਦਾਖਲ ਹੋਣ, ਅਤੇ ਇੱਥੋਂ ਤੱਕ ਕਿ ਕੋਵਿਡ-19 ਨਾਲ ਮੌਤ ਤੋਂ ਬਚਾਅ ਲਈ ਕਿਸੇ ਕੋਵਿਡ-19 ਟੀਕੇ ਦੀ ਮੁੱਖ ਲੜੀ ਨਾਲ ਟੀਕਾਕਰਣ ਕਰਵਾਇਆ ਹੈ। ਅਧਿਐਨਾਂ ਨੇ ਦਿਖਾਇਆ ਹੈ ਕਿ ਕੋਵਿਡ-19 ਦੇ ਟੀਕੇ ਅਸਰਦਾਰ ਰਹਿੰਦੇ ਹਨ, ਪਰ ਸਮੇਂ ਦੇ ਨਾਲ-ਨਾਲ ਉਹਨਾਂ ਦੇ ਸੁਰੱਖਿਆ ਪੱਧਰਾਂ ਵਿੱਚ ਗਿਰਾਵਟ ਆਉਣ ਲੱਗਦੀ ਹੈ।

***ਹੁਣ, ਬੂਸਟਰ ਖੁਰਾਕ ਲੈਣਾ ਹੀ ਇਸ ਸੁਰੱਖਿਆ ਨੂੰ ਜਾਰੀ ਰੱਖਣ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਹੈ।***

ਕੀ ਤੁਸੀਂ ਜਾਂ ਤੁਹਾਡਾ ਬੱਚਾ ਕੋਵਿਡ-19 ਟੀਕੇ ਦੀਆਂ ਇੱਕ ਜਾਂ ਵੱਧ ਬੂਸਟਰ ਖੁਰਾਕਾਂ ਲੈਣ ਲਈ ਯੋਗ ਹੋ, ਇਸ ਬਾਰੇ ਜਾਣਨ ਲਈ ਹੇਠਾਂ ਦਿੱਤੇ ਚਾਰਟ ਨੂੰ ਦੇਖੋ।*

| | **ਇਸ ਲਈ ਕੌਣ ਯੋਗ ਹੈ?** | **ਮੈਨੂੰ ਬੂਸਟਰ ਖੁਰਾਕ ਕਦੋਂ ਲੈਣੀ ਚਾਹੀਦੀ ਹੈ?** | **ਕੀ ਮੈਂ ਦੂਜੀ ਬੂਸਟਰ ਖੁਰਾਕ ਲੈ ਸਕਦਾ/ਸਕਦੀ ਹਾਂ?** | **ਕਿਹੜਾ ਬੂਸਟਰ ਲਗਵਾਉਣਾ ਚਾਹੀਦਾ ਹੈ?** |
|---|---|---|---|---|
| *ਜੇ ਤੁਸੀਂ...* ***Pfizer*** *ਲਗਵਾਇਆ ਹੈ* | ਹਰੇਕ **5+** ਵਿਅਕਤੀ ਨੂੰ ਅੱਪ ਟੂ ਡੇਟ ਰਹਿਣ ਲਈ ਆਪਣੀ ਬੂਸਟਰ ਖੁਰਾਕ ਲੈਣੀ ਚਾਹੀਦੀ ਹੈ। | Pfizer ਟੀਕੇ ਦੀ ਮੁੱਖ ਲੜੀ ਨੂੰ ਪੂਰਾ ਕਰਨ ਤੋਂ ਘੱਟੋ-ਘੱਟ **5 ਮਹੀਨੇ ਬਾਅਦ**। | 50+ ਦੇ ਹਰੇਕ ਵਿਅਕਤੀ ਨੂੰ ਪਹਿਲੀ ਬੂਸਟਰ ਖੁਰਾਕ ਲੈਣ ਤੋਂ ਘੱਟੋ-ਘੱਟ **4 ਮਹੀਨੇ** ਬਾਅਦ ਦੂਜੀ ਬੂਸਟਰ ਖੁਰਾਕ ਲੈਣੀ ਚਾਹੀਦੀ ਹੈ। | **18+ ਬਾਲਗ** ਕੋਈ ਵੀ mRNA ਕੋਵਿਡ-19 ਟੀਕੇ ਦੀ ਬੂਸਟਰ ਖੁਰਾਕ ਲੈ ਸਕਦੇ ਹਨ। **5–17 ਸਾਲ ਦੇ ਬੱਚਿਆਂ** ਨੂੰ Pfizer ਦੀ ਬੂਸਟਰ ਖੁਰਾਕ ਲੈਣੀ ਚਾਹੀਦੀ ਹੈ। |
| *ਜੇ ਤੁਸੀਂ...* ***Moderna*** *ਲਗਵਾਇਆ ਹੈ* | **18+** ਦੇ ਬਾਲਗਾਂ ਨੂੰ ਅੱਪ ਟੂ ਡੇਟ ਰਹਿਣ ਲਈ ਆਪਣੀ ਬੂਸਟਰ ਖੁਰਾਕ ਲੈਣੀ ਚਾਹੀਦੀ ਹੈ। | Moderna ਟੀਕੇ ਦੀ ਮੁੱਖ ਲੜੀ ਨੂੰ ਪੂਰਾ ਕਰਨ ਤੋਂ ਘੱਟੋ-ਘੱਟ **5 ਮਹੀਨੇ ਬਾਅਦ**। | 50+ ਦੇ ਹਰੇਕ ਵਿਅਕਤੀ ਨੂੰ ਪਹਿਲੀ ਬੂਸਟਰ ਖੁਰਾਕ ਲੈਣ ਤੋਂ ਘੱਟੋ-ਘੱਟ **4 ਮਹੀਨੇ** ਬਾਅਦ ਦੂਜੀ ਬੂਸਟਰ ਖੁਰਾਕ ਲੈਣੀ ਚਾਹੀਦੀ ਹੈ। | ਕਿਸੇ ਵੀ mRNA ਕੋਵਿਡ-19 ਟੀਕੇ ਦੀ ਬੂਸਟਰ ਖੁਰਾਕ ਲਓ। |
| *ਜੇ ਤੁਸੀਂ...* ***Johnson & Johnson*** *ਲਗਵਾਇਆ ਹੈ* | **18+** ਦੇ ਬਾਲਗਾਂ ਨੂੰ ਅੱਪ ਟੂ ਡੇਟ ਰਹਿਣ ਲਈ ਆਪਣੀ ਬੂਸਟਰ ਖੁਰਾਕ ਲੈਣੀ ਚਾਹੀਦੀ ਹੈ□ | J&J ਟੀਕੇ ਦੀ ਮੁੱਖ ਲੜੀ ਨੂੰ ਪੂਰਾ ਕਰਨ ਤੋਂ ਘੱਟੋ-ਘੱਟ **2 ਮਹੀਨੇ ਬਾਅਦ**। | 50+ ਦੇ ਹਰੇਕ ਵਿਅਕਤੀ ਨੂੰ ਅਤੇ ਜਿਨ੍ਹਾਂ ਨੇ J&J ਟੀਕੇ ਨੂੰ ਆਪਣੀ ਮੁੱਖ ਅਤੇ ਬੂਸਟਰ ਖੁਰਾਕ ਵਜੋਂ ਲਿਆ ਹੈ, ਉਨ੍ਹਾਂ ਨੂੰ ਪਹਿਲੀ ਬੂਸਟਰ ਖੁਰਾਕ ਲੈਣ ਤੋਂ ਘੱਟੋ-ਘੱਟ **4 ਮਹੀਨਿਆਂ** ਬਾਅਦ ਦੂਜੀ ਬੂਸਟਰ ਖੁਰਾਕ ਲੈਣੀ ਚਾਹੀਦੀ ਹੈ। | ਪਹਿਲੀ ਬੂਸਟਰ ਖੁਰਾਕ ਵਜੋਂ ਕਿਸੇ ਵੀ mRNA ਟੀਕੇ ਦੀ ਬੂਸਟਰ ਖੁਰਾਕ ਨੂੰ J&J ਨਾਲੋਂ ਵੱਧ ਤਰਜੀਹ ਦਿੱਤੀ ਜਾਂਦੀ ਹੈ□ ਦੂਜੀ ਬੂਸਟਰ ਖੁਰਾਕ ਵੀ ਕਿਸੇ mRNA ਕੋਵਿਡ-19 ਟੀਕੇ ਦੀ ਹੋਣੀ ਚਾਹੀਦੀ ਹੈ। |
| *ਜੇ ਤੁਸੀਂ...* ***Novavax*** *ਲਗਵਾਇਆ ਹੈ* | ਜੇ ਤੁਸੀਂ ਆਪਣੀ ਮੁੱਖ ਲੜੀ ਵਜੋਂ Novavax ਦੀ ਖੁਰਾਕ ਲਗਵਾਈ ਹੈ, ਤਾਂ ਤੁਸੀਂ ਇਸ ਸਮੇਂ ਕਿਸੇ ਵੀ ਬ੍ਰਾਂਡ ਦੀ ਬੂਸਟਰ ਖੁਰਾਕ ਨਹੀਂ ਲੈ ਸਕਦੇ। | | | |

***ਜੇ ਤੁਹਾਡੀ ਇਮਿਊਨਿਟੀ ਦਰਮਿਆਨੀ ਜਾਂ ਬਹੁਤ ਹੀ ਕਮਜ਼ੋਰ ਹੈ, ਤਾਂ ਹਿਦਾਇਤਾਂ ਵੱਖ-ਵੱਖ ਹੋਣਗੀਆਂ।***

*ਜਿਨ੍ਹਾਂ ਲੋਕਾਂ ਨੂੰ ਹਾਲ ਹੀ ਵਿੱਚ SARS-CoV-2 ਤੋਂ ਸੰਕਰਮਣ ਹੋਇਆ ਹੈ, ***ਉਹ ਲੱਛਣਾਂ ਦੀ ਸ਼ੁਰੂਆਤ ਤੋਂ ਜਾਂ ਪਾਜ਼ੀਟਿਵ ਟੈਸਟ ਆਉਣ ਤੋਂ 3 ਮਹੀਨਿਆਂ ਤੱਕ ਆਪਣੀ ਪਹਿਲੀ ਜਾਂ ਦੂਜੀ ਕੋਵਿਡ-19 ਟੀਕੇ ਦੀ ਬੂਸਟਰ ਖੁਰਾਕ ਵਿੱਚ ਦੇਰੀ ਕਰਨ ਬਾਰੇ ਵਿਚਾਰ ਕਰ ਸਕਦੇ ਹਨ (ਜੇ ਸੰਕਰਮਣ ਲੱਛਣ-ਰਹਿਤ ਸੀ)।*** *ਅਧਿਐਨਾਂ ਨੇ ਦਿਖਾਇਆ ਹੈ* (ਅੰਗਰੇਜ਼ੀ ਵਿੱਚ) ਕਿ ਸੰਕਰਮਣ ਅਤੇ ਟੀਕਾਕਰਣ ਦੇ ਵਿਚਕਾਰ ਵਧੇ ਹੋਏ ਸਮੇਂ ਦੇ ਨਤੀਜੇ ਵਜੋਂ ਟੀਕਾਕਰਣ ਦੀ ਪ੍ਰਤੀਰੋਧਕ ਪ੍ਰਤੀਕਿਰਿਆ ਵਿੱਚ ਵੀ ਸੁਧਾਰ ਹੋ ਸਕਦਾ ਹੈ। ਇਸ ਤੋਂ ਇਲਾਵਾ, ਸੰਕਰਮਣ ਤੋਂ ਬਾਅਦ, ਹਫ਼ਤਿਆਂ ਜਾਂ ਮਹੀਨਿਆਂ ਤੱਕ ਮੁੜ-ਸੰਕਰਮਣ ਹੋਣ ਦਾ ਘੱਟ ਜੋਖਮ ਵੀ ਪਾਇਆ ਗਿਆ ਹੈ। ਜਦੋਂ ਸਕੰਮਣ ਤੋਂ ਬਾਅਦ ਇਹ ਨਿਰਧਾਰਤ ਕਰਨਾ ਹੋਵੇ ਕਿ ਬੂਸਟਰ ਖੁਰਾਕ ਲੈਣ ਵਿੱਚ ਦੇਰੀ ਕਰਨੀ ਹੈ ਜਾਂ ਨਹੀਂ ਤਾਂ ਵਿਅਕਤੀਗਤ ਕਾਰਕ ਜਿਵੇਂ ਕਿ ਕੋਵਿਡ-19 ਦਾ ਜੋਖਮ *ਗੰਭੀਰ ਬਿਮਾਰੀ* (ਅੰਗਰੇਜ਼ੀ ਵਿੱਚ), *ਭਾਈਚਾਰੇ ਵਿੱਚ ਕੋਵਿਡ-19 ਦਾ ਪੱਧਰ* (ਅੰਗਰੇਜ਼ੀ ਵਿੱਚ), ਜਾਂ SARS-CoV-2 ਦੀਆਂ ਜਬਰਦਸਤ ਲਹਿਰਾਂ ਦੇ ਲੱਛਣਾ ਨੂੰ ਵੀ ਧਿਆਨ ਵਿੱਚ ਰੱਖਿਆ ਜਾਣਾ ਚਾਹੀਦਾ ਹੈ।

# ਕੋਵਿਡ-19 ਟੀਕੇ ਦੀ ਬੂਸਟਰ ਖੁਰਾਕਾਂ ਬਾਰੇ ਅਕਸਰ ਪੁੱਛੇ ਜਾਂਦੇ ਸਵਾਲ

## ਬੂਸਟਰ ਖੁਰਾਕ ਕਿਉਂ ਜ਼ਰੂਰੀ ਹੈ?

ਬੂਸਟਰ ਖੁਰਾਕਾਂ ਗੰਭੀਰ ਬਿਮਾਰੀ ਦੇ ਵਿਰੁੱਧ ਲਗਾਤਾਰ ਸੁਰੱਖਿਆ ਪ੍ਰਦਾਨ ਕਰਨ ਵਿੱਚ ਮਦਦ ਕਰਨਗੀਆਂ। ਬੂਸਟਰ ਖੁਰਾਕਾਂ ਦੀ ਸਿਫ਼ਾਰਸ਼ ਪਹਿਲਾਂ ਸਿਰਫ਼ ਉਹਨਾਂ ਉੱਚ ਜੋਖਮ ਵਾਲੇ ਲੋਕਾਂ ਲਈ ਕੀਤੀ ਜਾਂਦੀ ਸੀ ਜਿਨ੍ਹਾਂ ਵਿੱਚ ਗੰਭੀਰ ਕੋਵਿਡ-19 ਹੋਣ ਦਾ ਵੱਧ ਜੋਖਮ ਸੀ, ਪਰ ਹੁਣ ਕੋਵਿਡ-19 ਬਿਮਾਰੀ ਦੇ ਵਿਰੁੱਧ ਸੁਰੱਖਿਆ ਨੂੰ ਵਧਾਉਣ ਵਿੱਚ ਮਦਦ ਕਰਨ ਲਈ, 5 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹਰ ਵਿਅਕਤੀ ਨੂੰ ਸ਼ਾਮਲ ਕਰਨ ਲਈ, ਜਿਨ੍ਹਾਂ ਨੂੰ ਮੁੱਖ ਲੜੀ ਵਿੱਚ Pfizer ਲਗਾਈ ਗਈ ਸੀ, ਇਸ ਦੀ ਸਿਫ਼ਾਰਸ਼ ਦਾ ਵਿਸਤਾਰ ਕੀਤਾ ਗਿਆ ਹੈ। ਕੁਝ ਲੋਕ, ਜਿਵੇਂ ਕਿ ਉਹ ਲੋਕ ਜਿਹੜੇ ਦਰਮਿਆਨੀ ਜਾਂ ਬਹੁਤ ਹੀ ਕਮਜ਼ੋਰ ਇਮਿਊਨੀਟੀ ਵਾਲੇ ਹਨ, ਉਹਨਾਂ ਦੀ ਇਮਿਊਨੀਟੀ ਨੂੰ ਵਧਾਉਣ ਲਈ ਵਾਧੂ ਖੁਰਾਕਾਂ ਦੀ ਲੋੜ ਹੋ ਸਕਦੀ ਹੈ। ਇਹ ਸੰਯੁਕਤ ਰਾਜ ਵਿੱਚ ਜ਼ਿਆਦਾ ਸੰਕਰਮਣ ਵਾਲੇ ਨਵੇਂ ਰੂਪਾਂ ਅਤੇ ਕੋਵਿਡ-19 ਦੇ ਮਾਮਲਿਆਂ ਦੇ ਉਭਾਰ ਵਿੱਚ ਵਾਧੇ ਦੇ ਸੰਬੰਧ ਵਿੱਚ ਵਿਸ਼ੇਸ਼ ਤੌਰ 'ਤੇ ਮਹੱਤਵਪੂਰਨ ਹੈ।

## ਜੇਕਰ ਬੂਸਟਰ ਖੁਰਾਕਾਂ ਜ਼ਰੂਰੀ ਹਨ, ਤਾਂ ਕੀ ਇਸਦਾ ਇਹ ਮਤਲਬ ਹੈ ਕਿ ਟੀਕੇ ਕੰਮ ਨਹੀਂ ਕਰ ਰਹੇ ਹਨ?

ਅਜਿਹ ਨਹੀਂ ਹੈ। ਸਾਡੇ ਕੋਲ ਸੰਯੁਕਤ ਰਾਜ ਵਿੱਚ ਉਪਲਬਧ ਮੌਜੂਦਾ ਕੋਵਿਡ-19 ਟੀਕੇ ਗੰਭੀਰ ਬਿਮਾਰੀ, ਹਸਪਤਾਲ ਵਿੱਚ ਦਾਖਲ ਹੋਣ ਅਤੇ ਮੌਤ ਨੂੰ ਰੋਕਣ ਲਈ ਵਧੀਆ ਕੰਮ ਕਰ ਰਹੇ ਹਨ, ਇੱਥੋਂ ਤੱਕ ਕਿ ਵਾਇਰਸ ਦੇ ਨਵੇਂ ਰੂਪਾਂ ਦੇ ਵਿਰੁੱਧ ਵੀ। ਹਾਲਾਂਕਿ, ਜਨਤਕ ਸਿਹਤ ਦੇ ਮਾਹਰ ਹਲਕੀ ਅਤੇ ਦਰਮਿਆਨੀ ਕੋਵਿਡ-19 ਬਿਮਾਰੀ ਪ੍ਰਤੀ ਘੱਟ ਸੁਰੱਖਿਆ ਨੂੰ ਮਹਿਸੂਸ ਕਰ ਰਹੇ ਹਨ, ਖਾਸ ਤੌਰ 'ਤੇ ਉੱਚ-ਜੋਖਮ ਵਾਲੀਆਂ ਆਬਾਦੀਆਂ ਵਿੱਚ।

## ਮੈਨੂੰ ਬੂਸਟਰ ਖੁਰਾਕ ਦੀ ਅਪਾਇੰਟਮੈਂਟ 'ਤੇ ਜਾਣ ਵੇਲੇ ਨਾਲ ਕੀ ਲੈ ਕੇ ਜਾਣਾ ਚਾਹੀਦਾ ਹੈ?

*ਕਿਰਪਾ ਕਰਕੇ ਆਪਣਾ/ਆਪਣੇ ਬੱਚੇ ਦਾ ਟੀਕਾਕਰਣ ਕਾਰਡ* ਬੂਸਟਰ ਖੁਰਾਕ ਦੀ ਅਪਾਇੰਟਮੈਂਟ 'ਤੇ ਲੈ ਕੇ ਜਾਓ ਤਾਂ ਜੋ ਪ੍ਰਦਾਤਾ ਪਹਿਲਾਂ ਇਹ ਪੁਸ਼ਟੀ ਕਰ ਸਕੇ ਕਿ ਸ਼ੁਰੂਆਤੀ ਟੀਕਾ ਲੜੀ ਪੂਰੀ ਹੋ ਗਈ ਸੀ। ਜੇ ਤੁਹਾਡਾ ਕਾਰਡ ਗੁੰਮ ਗਿਆ ਹੈ, ਤਾਂ ਪ੍ਰਦਾਤਾ ਤੁਹਾਡਾ ਰਿਕਾਰਡ ਦੇਖ ਸਕਦਾ ਹੈ।

## ਇੱਕ ਵਾਧੂ ਟੀਕੇ ਦੀ ਖੁਰਾਕ ਅਤੇ ਇੱਕ ਬੂਸਟਰ ਖੁਰਾਕ ਵਿੱਚ ਕੀ ਫ਼ਰਕ ਹੈ?

ਇੱਕ ਵਾਧੂ ਖੁਰਾਕ ਕਮਜ਼ੋਰ ਇਮਿਊਨੀਟੀ ਵਾਲੇ ਮਰੀਜ਼ਾਂ ਲਈ ਹੈ ਜਿਨ੍ਹਾਂ ਨੇ 2-ਖਾਰਕਾਂ ਵਾਲੀ mRNA ਟੀਕਾ ਲੜੀ (Pfizer ਜਾਂ Moderna) ਨੂੰ ਪੂਰਾ ਕਰ ਲਿਆ ਹੈ, ਪਰ ਉਹਨਾਂ ਦੀ ਪ੍ਰਤੀਰੋਧਕ ਪ੍ਰਤੀਕਿਰਿਆ ਅਜੇ ਵੀ ਕਾਫ਼ੀ ਮਜ਼ਬੂਤ ਨਹੀਂ ਹੈ।

ਸਮੇਂ ਦੇ ਨਾਲ ਸ਼ੁਰੂਆਤੀ ਟੀਕਾ ਲੜੀ ਦਾ ਅਸਰ ਘਟਣ ਤੋਂ ਬਾਅਦ ਬੂਸਟਰ ਖੁਰਾਕ ਸੁਰੱਖਿਆ ਅਤੇ/ਜਾਂ ਇਮਿਊਨੀਟੀ ਨੂੰ ਵਧਾਉਣ ਜਾਂ ਮੁੜ-ਬਹਾਲ ਕਰਨ ਲਈ ਦਿੱਤੀ ਜਾਂਦੀ ਹੈ।

## ਕੀ ਬੂਸਟਰ ਖੁਰਾਕ ਲਈ ਟੀਕਾ ਬ੍ਰਾਂਡ ਮਾਇਨੇ ਰੱਖਦਾ ਹੈ?

ਜੇਕਰ ਤੁਹਾਡੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੈ ਅਤੇ ਤੁਸੀਂ ਆਪਣੀ ਮੁੱਖ ਲੜੀ ਵਜੋਂ Johnson & Johnson ਜਾਂ 2 ਖੁਰਾਕਾਂ ਵਾਲੇ mRNA ਟੀਕੇ ਪ੍ਰਾਪਤ ਕਰ ਚੁੱਕੇ ਹੋ, ਤਾਂ ਤੁਸੀਂ ਬੂਸਟਰ ਖੁਰਾਕ ਲਈ ਉਸ ਟੀਕੇ ਨਾਲੋਂ ਵੱਖਰਾ ਟੀਕਾ ਲਗਵਾ ਸਕਦੇ ਹੋ ਜੋ ਤੁਸੀਂ ਮੁੱਖ ਲੜੀ ਵਿੱਚ ਲਗਵਾਇਆ ਸੀ। ਇਸ ਬਾਰੇ Centers for Disease Control and Prevention (CDC, ਰੋਗ ਨਿਯੰਤਰਣ ਅਤੇ ਰਕੋਥਾਮ ਕੇਂਦਰ) ਨੇ ਨਵੀਨਤਮ ਡੇਟਾ (Moderna, Johnson & Johnson, ਮਿਕਸ ਅਤੇ ਮੈਚ ਬੂਸਟਰ) ਦੀ ਧਿਆਨ ਨਾਲ ਸਮੀਖਿਆ ਕਰਨ, ਅਤੇ ਬੂਸਟਰ ਟੀਕਿਆਂ ਬਾਰੇ ਗੰਭੀਰਤਾ ਨਾਲ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਆਪਣਾ ਫੈਸਲਾ ਕੀਤਾ ਹੈ। ਵਰਤਮਾਨ ਵਿੱਚ Novavax ਦੇ ਕਿਸੇ ਵੀ ਬੂਸਟਰ ਦੀ ਸਿਫ਼ਾਰਸ਼ ਨਹੀਂ ਕੀਤੀ ਜਾਂਦੀ ਹੈ ਅਤੇ ਇਸਨੂੰ ਕਿਸੇ ਵੀ ਹੋਰ ਕੋਵਿਡ-19 ਟੀਕੇ ਨਾਲ ਮਿਲਾਕੇ ਨਹੀਂ ਲਗਵਾਉਣਾ ਚਾਹੀਦਾ। ***17 ਸਾਲ ਅਤੇ ਇਸ ਤੋਂ ਘੱਟ ਉਮਰ ਦੇ ਲੋਕ ਬੂਸਟਰ ਖੁਰਾਕ ਲਈ Pfizer ਦਾ ਟੀਕਾ ਸਿਰਫ਼ ਤਾਂ ਹੀ ਲਗਵਾ ਸਕਦੇ ਹਨ, ਜੇਕਰ ਉਹਨਾਂ ਨੇ ਮੁੱਖ ਲੜੀ ਵਿੱਚ Pfizer ਲਗਵਾਈ ਸੀ।***

## ਕਿਸੇ ਦਾ ਟੀਕਾਕਰਣ ਪੂਰਾ ਕਦੋਂ ਮੰਨਿਆ ਜਾਂਦਾ ਹੈ?

ਜਦੋਂ ਤੁਸੀਂ ਜਾਂ ਤੁਹਾਡਾ ਬੱਚਾ ਕੋਵਿਡ-19 ਟੀਕਾਕਰਣ ਦੀ ਮੁੱਖ ਲੜੀ ਵਿਚਲੀਆਂ ਸਾਰੀਆਂ ਸਿਫ਼ਾਰਸ਼ ਕੀਤੀਆਂ ਖੁਰਾਕਾਂ ਪ੍ਰਾਪਤ ਕਰ ਲੈਂਦੇ ਹੋ ਉਸ ਤੋਂ 2 ਹਫ਼ਤੇ ਬਾਅਦ ਤੁਹਾਡਾ **ਟੀਕਾਕਰਨ ਪੂਰਾ** ਮੰਨਿਆ ਜਾਂਦਾ ਹੈ।

ਤੁਸੀਂ ਜਾਂ ਤੁਹਾਡਾ ਬੱਚਾ ਕੋਵਿਡ-19 ਟੀਕਾਕਰਣ ਦੇ ਨਾਲ ਉਦੋਂ **ਅਪ-ਟੂ-ਡੇਟ** ਹੁੰਦੇ ਹੋ ਜਦੋਂ ਤੁਸੀਂ ਯੋਗ ਹੋਣ 'ਤੇ, ਮੁੱਖ ਲੜੀ ਦੀਆਂ ਸਾਰੀਆਂ ਖੁਰਾਕਾਂ ਅਤੇ *ਸਾਰੀਆਂ ਸਿਫ਼ਾਰਸ਼ ਕੀਤੀਆਂ ਬੂਸਟਰ ਖੁਰਾਕਾਂ* (ਅੰਗਰੇਜ਼ੀ ਵਿੱਚ) ਪ੍ਰਾਪਤ ਕਰ ਲੈਂਦੇ ਹੋ।

## ਕੀ ਬੂਸਟਰ ਖੁਰਾਕਾਂ ਨੂੰ ਹੋਰ ਟੀਕਿਆਂ ਦੇ ਨਾਲ ਲਿਆ ਜਾ ਸਕਦਾ ਹੈ, ਜਿਵੇਂ ਕਿ ਫਲੂ ਵਾਲੇ ਟੀਕੇ ਨਾਲ?

ਹਾਂ। ਤੁਸੀਂ ਜਾਂ ਤੁਹਾਡਾ ਬੱਚਾ ਕੋਵਿਡ-19 ਟੀਕੇ ਨੂੰ ਹੋਰ ਟੀਕਿਆਂ ਦੇ ਨਾਲ ਵੀ ਲੈ ਸਕਦੇ ਹੋ। ਤੁਹਾਨੂੰ ਆਪਣੇ ਬੱਚੇ ਲਈ ਨਿਰਧਾਰਤ ਹੋਏ *ਲੋੜੀਂਦੇ ਸਕੂਲੀ ਟੀਕੇ* (ਅੰਗਰੇਜ਼ੀ ਵਿੱਚ) ਜਾਂ ਹੋਰ ਸਿਫਾਰਸ਼ ਕੀਤੇ ਟੀਕਿਆਂ ਨੂੰ ਕੋਵਿਡ-19 ਦੇ ਟੀਕੇ ਤੋਂ ਵੱਖ ਕਰਨ ਦੀ ਲੋੜ ਨਹੀਂ ਹੈ। ਕੋਵਿਡ-19 ਟੀਕੇ ਦੀ ਅਪਾਇੰਟਮੈਂਟ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਸਾਰੇ ਸਿਫ਼ਾਰਸ਼ ਕੀਤੀਆਂ ਟੀਕਿਆਂ ਬਾਰੇ ਜਾਣੂ ਕਰਵਾਉਣ ਦਾ ਇੱਕ ਹੋਰ ਮੌਕਾ ਹੁੰਦਾ ਹੈ।

**ਕੋਈ ਹੋਰ ਸਵਾਲ ਹਨ? ਇੱਥੇ ਜਾਓ:**
***doh.wa.gov/covidbooster***

Washington State Department of Health

DOH 825-039 July 2022 Punjabi

ਕਿਸੇ ਹੋਰ ਫਾਰਮੈਟ ਵਿੱਚ ਇਸ ਦਸਤਾਵੇਜ਼ ਲਈ ਬੇਨਤੀ ਕਰਨ ਵਾਸਤੇ, 1-800-525-0127 'ਤੇ ਕਾਲ ਕਰੋ। ਬਹਿਰੇ ਗਾਹਕ ਜਾਂ ਜਿੰਨ੍ਹਾਂ ਗਾਹਕਾਂ ਨੂੰ ਉੱਚਾ ਸੁਣਦਾ ਹੈ, ਉਹ ਕਿਰਪਾ ਕਰਕੇ 711 (Washington Relay) 'ਤੇ ਕਾਲ ਕਰੋ ਜਾਂ civil.rights@doh.wa.gov 'ਤੇ ਈਮੇਲ ਕਰੋ।